ਨੰ:1/02/2016-ਰਸ1/740131/1

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼,
ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 26-04-2016

ਵਿਸ਼ਾ:- ਹੋਰ ਪੱਛੜੀ ਸ਼੍ਰੇਣੀ(OBC) ਅਤੇ ਪੱਛੜੀ ਸ਼੍ਰੇਣੀ(BC) ਦਾ ਸਰਟੀਫਿਕੇਟ ਜ਼ਾਰੀ ਕਰਨ ਸਮੇਂ ਕਰੀਮੀ ਲੇਅਰ ਸਟੇਟਸ ਵੇਖਣ ਸਬੰਧੀ।

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਹੋਰ ਪੱਛੜੀਆਂ ਸ਼੍ਰੇਣੀਆਂ(OBC) ਦੇ ਸਬੰਧ ਵਿੱਚ ਭਾਰਤ ਸਰਕਾਰ ਦੇ O.M No. 36012/22/93-Estt.(SCT) ਮਿਤੀ 08.09.1993 ਅਨੁਸਾਰ ਉਕਤ ਪੱਤਰ ਦੇ ਅਨੁਲੱਗ ਵਿੱਚ ਦਰਜ column 3 ਹੇਠ ਆਉਂਦੇ ਵਿਅਕਤੀਆਂ ਤੇ rule of exclusion ਲਾਗੂ ਹੁੰਦਾ ਹੈ ਅਤੇ ਉਹ ਹੋਰ ਪੱਛੜੀ ਸ਼੍ਰੇਣੀ(OBC) ਦਾ ਲਾਭ ਨਹੀਂ ਲੈ ਸਕਦੇ ਹਨ। ਇਸ ਪੱਤਰ ਦੇ ਅਨੁਲੱਗ ਵਿੱਚ 06 ਤਰ੍ਹਾਂ ਦੀ ਕੈਟਾਗਰੀਜ਼ ਲਿਖੀਆਂ ਗਈਆਂ ਹਨ। ਕੈਟਾਗਰੀ ਨੰ: 1 ਸੰਵਿਧਾਨਕ ਪਦ ਹੋਲਡ ਕਰਨ ਵਾਲਿਆਂ ਦੇ ਸਬੰਧ ਵਿੱਚ ਹੈ। ਕੈਟਾਗਰੀ ਨੰਬਰ 2 ਜੋ ਕਿ ਸਰਕਾਰੀ ਕਰਮਚਾਰੀਆਂ ਨਾਲ ਸਬੰਧਤ ਹੈ, ਵਿੱਚ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਪੀ.ਐਸ.ਯੂ ਦੇ ਵਿੱਚ ਗਰੁੱਪ ਏ/ਕਲਾਸ 1 ਅਤੇ ਗਰੁੱਪ ਬੀ/ਕਲਾਸ 2 ਦੇ ਜਿਹੜੇ ਮੁਲਾਜ਼ਮਾਂ ਦੇ ਪੁੱਤਰਾਂ/ਪੁੱਤਰੀਆਂ ਤੇ ਇਹ rule of exclusion ਲਾਗੂ ਹੁੰਦਾ ਹੈ, ਉਹ ਲਿਖੇ ਗਏ ਹਨ। ਕੈਟਾਗਰੀ ਨੰ: 3 ਜੋ ਕਿ ਸ਼ਸਤਰਧਾਰੀ ਸੈਨਾ ਨਾਲ ਸਬੰਧਤ ਹੈ, ਵਿੱਚ ਸੈਨਾ ਦੇ ਜਿਹੜੇ ਅਫ਼ਸਰਾਂ ਦੇ ਪੁੱਤਰਾਂ/ਪੁੱਤਰੀਆਂ ਤੇ ਇਹ rule of exclusion ਲਾਗੂ ਹੁੰਦਾ ਹੈ, ਉਹ ਲਿਖੇ ਗਏ ਹਨ। ਕੈਟਾਗਰੀ ਨੰ:4 ਪੇਸ਼ਾਵਰਾਨਾ ਕਲਾਸ, ਅਤੇ ਜਿਹੜੇ ਵਪਾਰ ਅਤੇ ਉਦਯੋਗ ਨਾਲ ਸਬੰਧ ਰੱਖਣ ਵਾਲਿਆਂ ਨਾਲ ਸਬੰਧਤ ਹੈ ਅਤੇ ਕੈਟਾਗਰੀ ਨੰ: 5 ਜਾਇਦਾਦ ਮਾਲਿਕਾਂ ਨਾਲ ਸਬੰਧਤ ਹੈ। ਕੈਟਾਗਰੀ ਨੰ:6 ਵਿੱਚ income/wealth Test ਲਿਖਿਆ ਗਿਆ ਹੈ। ਭਾਰਤ ਸਰਕਾਰ ਵੱਲੋਂ ਇਸ O.M ਵਿੱਚ O.M No. 36033/3/2004-Estt. (Res) dated the 9.3.2004, O.M. No. 36033/3/2004-Estt. (Res.) dated 14.10.2008 ਅਤੇ OM No. 36033/1/2013-Estt. (Res.) dated 27.05.2013 ਰਾਹੀਂ ਸੋਧ ਕੀਤੀ ਗਈ ਹੈ ਕੈਟਾਗਰੀ ਨੰਬਰ 6:income/wealth test ਵਿੱਚ ਹੁਣ ਸਾਲਾਨਾ ਇਨਕਮ ਲਿਮਿਟ ਦੀ ਹੱਦ ਵਧਾ ਕੇ 6 ਲੱਖ ਕੀਤੀ ਗਈ ਹੈ। ਕੈਟਾਗਰੀਜ਼ ਇਹ ਸਮੂਹ ਮੈਮੋਰੰਡਮ ਨੈਸ਼ਨਲ ਕਮਿਸ਼ਨ ਫਾਰ ਬੈਕਵਾਰਡ ਕਲਾਸਜ਼ ਦੀ ਵੈਬਸਾਈਟ - http://www.ncbc.nic.in/User_Panel/UserView.aspx?TypeID=1172 ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਇਸੇ ਦੀ ਤਰਜ਼ ਤੇ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ(BC) ਦੇ ਸਬੰਧ ਵਿੱਚ ਪੱਤਰ ਨੰ: 1/41/93-ਰਸ1/459, ਮਿਤੀ 17.01.1994 ਜ਼ਾਰੀ ਕੀਤਾ ਗਿਆ ਹੈ। ਇਹ ਪੱਤਰ ਬਾਅਦ ਵਿੱਚ ਪੱਤਰ ਨੰਬਰ 1/41/93-ਰਸ1/1597 ਮਿਤੀ 17.08.2005, ਮਿਤੀ 1/41/93-ਰਸ1/209, ਮਿਤੀ 4.02.2009 ਅਤੇ ਪੱਤਰ ਨੰਬਰ 1/41/93-ਰਸ1/609 ਮਿਤੀ 24.10.2013 ਨਾਲ ਸੋਧਿਆ ਗਿਆ ਹੈ। ਭਲਾਈ ਵਿਭਾਗ ਦੀਆਂ ਇਹ ਸਮੂਹ ਹਦਾਇਤਾਂ ਪੰਜਾਬ ਸਰਕਾਰ ਦੀ ਵੈਬਸਾਈਟ http://punjab.gov.in/ ਤੋਂ ਡਾਊਨਲੋਡ ਕੀਤੀਆਂ ਜਾ

ਸਕਦੀਆਂ ਹਨ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਦੀਆਂ ਰਿਜ਼ਰਵੇਸ਼ਨ ਸਬੰਧੀ ਹਦਾਇਤਾਂ http://welfarepunjab.gov.in/ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

2. ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਣਾਉਣ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਉਮੀਦਵਾਰ, ਭਾਰਤ ਸਰਕਾਰ ਦੇ OM No. 36012/22/93-Estt.(SCT) ਮਿਤੀ 08.09.1993 ਦੇ ਅਨੁਲੱਗ ਵਿੱਚ ਦਰਜ column 3 ਅਧੀਨ ਨਾ ਆਉਂਦਾ ਹੋਵੇ। ਇਸੇ ਤਰ੍ਹਾਂ ਪੱਛੜੀਆਂ ਸ਼੍ਰੇਣੀਆਂ(BC) ਦਾ ਸਰਟੀਫਿਕੇਟ ਬਣਾਉਂਦੇ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਉਮੀਦਵਾਰ, ਪੰਜਾਬ ਸਰਕਾਰ ਦੇ ਪੱਤਰ ਨੰ: 1/41/93-ਰਸ1/459, ਮਿਤੀ 17.01.1994 ਦੇ column 3 ਅਧੀਨ ਨਾ ਆਉਂਦਾ ਹੋਵੇ।

3. ਕੈਟਾਗਰੀ ਨੰ:6: income/wealth Test ਵਿੱਚ ਇਹ ਸਪਸ਼ਟੀਕਰਨ ਦਿੱਤਾ ਗਿਆ ਹੈ ਕਿ ਕਿਸੇ ਉਮੀਦਵਾਰ ਦੇ ਮਾਤਾ-ਪਿਤਾ ਦੀ ਇਨਕਮ ਵਿੱਚ ਉਨ੍ਹਾਂ ਦੀ ਸੈਲਰੀ ਇਨਕਮ ਅਤੇ ਖੇਤੀਬਾੜੀ ਇਨਕਮ ਨੂੰ ਨਹੀਂ ਜੋੜਿਆ ਜਾਣਾ ਹੈ ਭਾਵ ਜੇਕਰ ਮਾਤਾ-ਪਿਤਾ ਦੀ ਸੈਲਰੀ ਇਨਕਮ/ਖੇਤੀਬਾੜੀ ਇਨਕਮ 6 ਲੱਖ ਰੁਪਏ ਤੋਂ ਵੱਧ ਹੋਵੇ ਪਰੰਤੂ ਹੋਰ ਵਸੀਲਿਆਂ ਤੋਂ ਇਨਕਮ 6 ਲੱਖ ਤੋਂ ਘੱਟ ਹੋਵੇ ਤਾਂ Income/Wealth Test ਅਧੀਨ ਉਮੀਦਵਾਰ ਨੂੰ ਕਰੀਮੀ ਲੇਅਰ ਅਧੀਨ ਨਹੀਂ ਗਿਣਿਆ ਜਾਣਾ ਹੈ।

4. ਵੱਖ-ਵੱਖ ਫੈਡਰੇਸ਼ਨਾਂ ਅਤੇ ਉਮੀਦਾਵਰਾਂ ਦੇ ਮਾਪਿਆਂ ਵੱਲੋਂ ਭਲਾਈ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਹੋਰ ਪੱਛੜੀ ਸ਼੍ਰੇਣੀ(OBC) ਅਤੇ ਪੱਛੜੀ ਸ਼੍ਰੇਣੀ(BC) ਦਾ ਸਰਟੀਫਿਕੇਟ ਜਾਰੀ ਕਰਨ ਵਾਲੇ/ਇਨਕਮ ਤਸਦੀਕ ਕਰਨ ਵਾਲੇ ਅਧਿਕਾਰੀ ਉਮੀਦਵਾਰ ਦੇ ਮਾਪਿਆਂ ਦੀ ਇਨਕਮ ਜੋੜਦੇ ਹੋਏ ਉਨ੍ਹਾਂ ਦੀ ਸੈਲਰੀ ਇਨਕਮ ਨੂੰ ਵੀ ਵਿੱਚ ਜੋੜਦੇ ਹਨ ਅਤੇ ਕੈਟਗਰੀ ਨੰ:6: income/wealth test ਅਧੀਨ ਉਮੀਦਵਾਰ ਦਾ ਸਰਟੀਫਿਕੇਟ ਬਣਾਉਣ ਤੋਂ ਮਨ੍ਹਾਂ ਕਰ ਦਿੰਦੇ ਹਨ। ਅਜਿਹਾ ਕਰਨਾ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਵਿਰੁੱਧ ਹੈ ਅਤੇ ਅਜਿਹਾ ਨਾ ਕੀਤਾ ਜਾਵੇ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਸਕੱਤਰ ਭਲਾਈ
25/4/2016

ਉਪਰੋਕਤ ਦਾ ਇੱਕ ਉਤਾਰਾ ਨਿਮਨਲਿਖਿਤ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼,
2. ਰਾਜ ਦੇ ਸਮੂਹ ਪ੍ਰਮੁੱਖ ਸਕੱਤਰ ਅਤੇ
3. ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।

ਸਕੱਤਰ ਭਲਾਈ

ਅੰ.ਵਿ.ਪੰ.ਨੰ: 1/02/2016-ਰਸ1/740131/2 ਮਿਤੀ, ਚੰਡੀਗੜ੍ਹ: 26-04-16 25/4/2016

ਪਿੱਠ.ਅੰ.ਨੰ: 1/02/2016-ਰਸ1/740131/3 ਮਿਤੀ, ਚੰਡੀਗੜ੍ਹ: 26-04-2016

ਉਪਰੋਕਤ ਦਾ ਇੱਕ ਉਤਾਰਾ ਮੈਂਬਰ ਸਕੱਤਰ, ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਭਲਾਈ
25/4/2016